# ਖ਼ਾਲਸਾ ਕਾਲਜ, ਅੰਮ੍ਰਿਤਸਰ

## ਦਾਖ਼ਲਾ ਪ੍ਰੀਖਿਆ (ਐੱਮ.ਫ਼ਿਲ.–ਪੰਜਾਬੀ)

### ਪ੍ਰੀਖਿਆਰਥੀਆਂ ਵਾਸਤੇ ਆਮ ਹਿਦਾਇਤਾਂ

1. ਰੋਲ ਨੰਬਰ ਕਮ ਐਡਮਿਟ ਕਾਰਡ ਤੋਂ ਬਿਨਾਂ ਪ੍ਰੀਖਿਆਰਥੀ ਨੂੰ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਨਹੀਂ ਕਰਨ ਦਿੱਤਾ ਜਾਵੇਗਾ।
2. ਸਾਰੇ ਕਾਲਮ ਸਾਫ਼-ਸੁਥਰੀ ਲਿਖਾਈ ਵਿੱਚ ਭਰੇ ਜਾਣ।
3. ਪ੍ਰੀਖਿਆ ਦਾ ਕੁੱਲ ਸਮਾਂ ਦੋ ਘੰਟੇ ਹੈ, ਜਿਸ ਵਿੱਚ ਇੱਕ ਘੰਟਾ ਭਾਗ 'ੳ' ਅਤੇ ਇੱਕ ਘੰਟਾ ਭਾਗ 'ਅ' ਦਾ ਹੈ।
4. ਪ੍ਰੀਖਿਆ ਪੱਤਰ ਦੇ ਦੋ ਭਾਗ ਹਨ। ਭਾਗ 'ੳ' 60 ਅੰਕ ਦਾ ਹੈ ਅਤੇ ਭਾਗ 'ਅ' 40 ਅੰਕ ਦਾ ਹੈ।
5. ਭਾਗ 'ੳ' ਵਿਚ ਇਕ ਨੰਬਰ ਦੇ 60 ਸਵਾਲ ਹਨ। ਹਰ ਸਵਾਲ ਦਾ ਸਹੀ ਜਵਾਬ OMR ਸ਼ੀਟ ਵਿਚ ਨੀਲੇ/ਕਾਲੇ ਪੈੱਨ ਨਾਲ ਭਰਿਆ ਜਾਵੇ।
6. ਭਾਗ 'ਅ' ਵਿੱਚ ਅੱਠ ਸਵਾਲ ਹਨ। ਸਾਰੇ ਸਵਾਲ ਕਰਨੇ ਲਾਜ਼ਮੀ ਹਨ। ਹਰ ਸਵਾਲ ਦਾ ਸੰਖੇਪ ਉੱਤਰ (ਲਗਭਗ 250 ਅੱਖਰਾਂ ਵਿੱਚ) ਦਿੱਤਾ ਜਾਵੇ। ਹਰ ਸਵਾਲ ਦੇ ਪੰਜ ਅੰਕ ਹਨ।
7. ਇਸ ਪੇਪਰ ਵਿਚ ਕੋਈ ਨੈਗੇਟਿਵ ਮਾਰਕਿੰਗ ਨਹੀਂ ਹੈ।
8. ਪ੍ਰੀਖਿਆਰਥੀ ਨੂੰ ਪੇਪਰ ਖਤਮ ਹੋਣ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਛੱਡਣ ਦੀ ਇਜਾਜ਼ਤ ਨਹੀਂ ਹੈ।
9. ਉੱਤਰ ਪੱਤਰੀ ਉੱਤੇ ਕਿਸੇ ਪ੍ਰਕਾਰ ਦਾ ਪਛਾਣ/ਧਾਰਮਿਕ ਚਿੰਨ੍ਹ ਨਾ ਲਗਾਇਆ ਜਾਵੇ।
10. ਪ੍ਰੀਖਿਆਰਥੀ ਇਹ ਯਕੀਨੀ ਬਣਾਏ ਕਿ ਉਸ ਦੀ OMR ਸ਼ੀਟ ਅਤੇ ਉੱਤਰ ਪੱਤਰੀ ਉੱਤੇ ਮੋਹਰ ਲੱਗੀ ਹੋਵੇ।
11. ਪ੍ਰੀਖਿਆਰਥੀ ਇਹ ਵੀ ਯਕੀਨੀ ਕਰੇ ਕਿ OMR ਸ਼ੀਟ ਅਤੇ ਉੱਤਰ ਪੱਤਰੀ ਬਾਬਤ ਹਾਜ਼ਰੀ ਚਾਰਟ ਉੱਤੇ ਦਸਤਖ਼ਤ ਕੀਤੇ ਹੋਣ।
12. ਮੋਬਾਇਲ ਫੋਨ ਅਤੇ ਹੋਰ ਇਲੈਕਟ੍ਰੋਨਿਕ ਯੰਤਰਾਂ, ਬਲੂਟੁੱਥ ਆਦਿ ਦੀ ਪ੍ਰੀਖਿਆ ਕੇਂਦਰ ਵਿਚ ਸਖ਼ਤ ਮਨਾਹੀ ਹੈ।

## ਭਾਗ 'ੳ'

1. ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਬਾਬਾ ਫ਼ਰੀਦ ਦੇ ਸ਼ਬਦਾਂ ਦੇ ਰਾਗ ਹਨ :
   ੳ) ਰਾਗ ਆਸਾ ਤੇ ਸੂਹੀ  ਅ) ਰਾਗ ਸਿਰੀ ਤੇ ਗਉੜੀ
   ੲ) ਰਾਗ ਸੂਹੀ ਤੇ ਗਉੜੀ  ਸ) ਰਾਗ ਆਸਾ ਤੇ ਸਿਰੀ
2. ਗੁਰੂ ਗ੍ਰੰਥ ਸਾਹਿਬ ਦਾ ਤਤਕਰਾ ਆਧਾਰਿਤ ਹੈ :
   ੳ) ਕਾਲਕ੍ਰਮ ਦੇ  ਅ) ਬਾਣੀਆਂ ਦੇ
   ੲ) ਰਾਗਾਂ ਦੇ  ਸ) ਬਾਣੀਕਾਰਾਂ ਦੇ
3. ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਹਨ:
   ੳ) ਰਾਗ ਗੁਜਰੀ, ਸੂਹੀ ਤੇ ਰਾਮਕਲੀ  ਅ) ਰਾਗ ਮਾਝ, ਆਸਾ ਤੇ ਮਲਾਰ
   ੲ) ਰਾਗ ਆਸਾ, ਗੁਜਰੀ ਤੇ ਮਲਾਰ  ਸ) ਰਾਗ ਆਸਾ, ਸੂਹੀ ਤੇ ਬਸੰਤ
4. "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ " ਬਾਣੀ ਦੀਆਂ ਇਨ੍ਹਾਂ ਪੰਗਤੀਆਂ ਦੇ ਰਚਨਹਾਰ ਹਨ:
   ੳ) ਗੁਰੂ ਨਾਨਕ ਦੇਵ ਜੀ  ਅ) ਗੁਰੂ ਰਾਮਦਾਸ ਜੀ
   ੲ) ਗੁਰੂ ਅਰਜਨ ਦੇਵ ਜੀ  ਸ) ਗੁਰੂ ਤੇਗ ਬਹਾਦਰ ਜੀ
5. ਭਗਤ ਬਾਣੀਕਾਰਾਂ ਦਾ ਸਹੀ ਕ੍ਰਮ ਹੈ :
   ੳ) ਭਗਤ ਜੈਦੇਵ, ਭਗਤ ਨਾਮਦੇਵ ਤੇ ਭਗਤ ਕਬੀਰ  ਅ) ਭਗਤ ਨਾਮਦੇਵ, ਭਗਤ ਕਬੀਰ ਤੇ ਭਗਤ ਜੈਦੇਵ,
   ੲ) ਭਗਤ ਜੈਦੇਵ, ਭਗਤ ਕਬੀਰ ਤੇ ਭਗਤ ਨਾਮਦੇਵ  ਸ) ਭਗਤ ਕਬੀਰ, ਭਗਤ ਰਵੀਦਾਸ ਤੇ ਭਗਤ ਨਾਮਦੇਵ
6. ਬੁੱਲ੍ਹੇ ਸ਼ਾਹ ਕਿਸ ਸੂਫ਼ੀ ਸੰਪਰਦਾ ਨਾਲ ਸੰਬੰਧਿਤ ਹੈ:
   ੳ) ਸ਼ੁਹਰਾਵਰਦੀ  ਅ) ਨਕਸ਼ਬੰਦੀ
   ੲ) ਮਲਾਮਤੀ  ਸ) ਕਾਦਰੀ
7. ਸੂਫ਼ੀਮਤ ਵਿਚ 'ਤੌਹੀਦ' ਹੈ:
   ੳ) ਰੱਬੀ ਸ਼ਰ੍ਹਾ  ਅ) ਰੱਬ ਦਾ ਖ਼ੌਫ਼
   ੲ) ਰੱਬ ਦੀ ਬੰਦਗੀ  ਸ) ਰੱਬ ਦੀ ਏਕਤਾ
8. ਸੂਫ਼ੀਮਤ ਵਿਚ ਸਾਧਨਾ-ਮਾਰਗ ਦਾ ਕਿਹੜਾ ਕ੍ਰਮ ਸਹੀ ਹੈ:
   ੳ) ਸ਼ਰੀਅਤ, ਤਰੀਕਤ, ਹਕੀਕਤ ਤੇ ਮਾਰਫ਼ਤ  ਅ) ਸ਼ਰੀਅਤ, ਮਾਰਫ਼ਤ, ਤਰੀਕਤ ਤੇ ਹਕੀਕਤ
   ੲ) ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ  ਸ) ਸ਼ਰੀਅਤ, ਹਕੀਕਤ, ਤਰੀਕਤ ਤੇ ਮਾਰਫ਼ਤ
9. 'ਸੂਫ਼ੀਵਾਦ ਤੇ ਹੋਰ ਲੇਖ' ਪੁਸਤਕ ਦਾ ਲੇਖਕ ਹੈ:
   ੳ) ਡਾ. ਹਰਜਿੰਦਰ ਸਿੰਘ ਢਿੱਲੋਂ  ਅ) ਗੁਰਚਰਨ ਸਿੰਘ ਤਲਵਾੜਾ
   ੲ) ਪ੍ਰੋ. ਗੁਲਵੰਤ ਸਿੰਘ  ਸ) ਡਾ. ਦੀਵਾਨ ਸਿੰਘ
10. ਕਾਦਰਯਾਰ ਦਾ ਕਿੱਸਾ 'ਪੂਰਨ ਭਗਤ' ਕਿਹੜੀ ਸਦੀ ਦੀ ਰਚਨਾ ਹੈ:
   ੳ) 16ਵੀਂ  ਅ) 17ਵੀਂ
   ੲ) 18ਵੀਂ  ਸ) 19ਵੀਂ
11. ਕਿੱਸੇ 'ਸੈਫ਼ੁਲ ਮਲੂਕ' ਦਾ ਰਚੈਤਾ ਹੈ:
   ੳ) ਮੁਕਬਲ  ਅ) ਮੀਆਂ ਮੁਹੰਮਦ ਬਖ਼ਸ਼
   ੲ) ਹਾਫ਼ਿਜ਼ ਬਰਖ਼ੁਰਦਾਰ  ਸ) ਅਮਾਮ ਬਖ਼ਸ਼
12. 'ਵਾਰ' ਕਾਵਿ-ਰੂਪ ਮੁੱਖ ਰੂਪਗਤ ਪਛਾਣ ਹੈ:
   ੳ) ਮੰਗਲਾਚਰਨ, ਦਵੱਈਆ ਤੇ ਬੈਂਤ ਛੰਦ ਵਿਚ  ਅ) ਮੰਗਲਾਚਰਨ, ਦਵੱਈਆ ਤੇ ਪਉੜੀ ਵਿਚ
   ੲ) ਪਉੜੀ, ਨਿਸ਼ਾਨੀ ਤੇ ਸਿਰਖੰਡੀ ਛੰਦ ਵਿਚ  ਸ) ਹਮਦ, ਬੀਰ ਰਸ ਤੇ ਕੋਰੜਾ ਛੰਦ ਵਿਚ
13. ਨਜਾਬਤ ਦਾ ਸੰਬੰਧ ਹੈ:
   ੳ) ਹਕੀਕਤ ਰਾਏ ਦੀ ਵਾਰ ਨਾਲਂ  ਅ) ਸੋਢੀਆਂ ਦੀ ਵਾਰ ਨਾਲ
   ੲ) ਨਾਦਰਸ਼ਾਹ ਦੀ ਵਾਰ ਨਾਲ  ਸ) ਚੱਠਿਆਂ ਦੀ ਵਾਰ ਨਾਲ
14. ਸਾਹਿਤ ਦਾ ਪ੍ਰਯੋਜਨ ਹੈ:
   ੳ) ਗਿਆਨ ਤੇ ਮੁਕਤੀ  ਅ) ਸੁਹਜ ਤੇ ਗਿਆਨ
   ੲ) ਆਨੰਦ ਤੇ ਸੂਚਨਾ  ਸ) ਸੂਚਨਾ ਤੇ ਸੰਚਾਰ

15. ‘ਵਿਰਚਨਾ’ ਦਾ ਸੰਬੰਧ ਹੈ:
ੳ) ਮਾਰਕਸਵਾਦ ਨਾਲ ਅ) ਸਰੰਚਨਾਵਾਦ
ੲ) ਉਤਰ-ਸਰੰਚਨਾਵਾਦ ਨਾਲ ਸ) ਉਤਰ-ਬਸਤੀਵਾਦ

16. ਮਾਰਕਸਵਾਦੀ ਦ੍ਰਿਸ਼ਟੀ ਤੋਂ ਸਾਹਿਤ ਦਾ ਸੰਬੰਧ ਹੈ:
ੳ) ਅਨੁਕਰਣ ਨਾਲ ਅ) ਉਸਾਰ ਨਾਲ
ੲ) ਵਿਰੇਚਨ ਨਾਲ ਸ) ਨੀਂਹ ਨਾਲ

17. ‘ਐਲੀਮੈਂਟਸ ਆਫ਼ ਸਿਮੀਓਲੌਜੀ' ਪੁਸਤਕ ਦਾ ਲੇਖਕ ਹੈ:
ੳ) ਰੋਲਾਂ ਬਾਰਤ ਅ) ਸਾਸਿਊਰ
ੲ) ਨੌਮ ਚੌਮਸਕੀ ਸ) ਲੈਵੀ ਸਤਰਾਸ

18. ‘ਅੰਤਰ-ਪਾਠਤਾ’ ਦਾ ਸੰਬੰਧ ਹੈ :
ੳ) ਰੋਮਨ ਜੈਕੋਬਸਨ ਨਾਲ ਅ) ਦੈਰੀਦਾ ਨਾਲ
ੲ) ਜੂਲੀਆ ਕ੍ਰਿਸਤੇਵਾ ਨਾਲ ਸ) ਰੋਲਾਂ ਬਾਰਤ ਨਾਲ

19. ‘ਡਿਫਰਾਂਸ' ਦੀ ਅਰਥ-ਪ੍ਰਕਿਰਿਆ ਵਿਚ ਮਹੱਤਵਪੂਰਨ ਹੈ:
ੳ) ਚਿਹਨਕ, ਵੱਖਰਤਾ ਤੇ ਮੁਲਤਵੀਕਰਨ ਅ) ਚਿਹਨਕ ਦੇ ਚਿਹਨਤ ਦੀ ਵਿੱਥ
ੲ) ਚਿਹਨ, ਚਿਹਨਕ ਤੇ ਚਿਹਨਤ ਸ) ਚਿਹਨਕ ਤੇ ਚਿਹਨਤ ਦਾ ਮੇਲ

20. ‘ਆਫ਼ ਗ੍ਰੈਮਟੋਲੋਜੀ’ ਪੁਸਤਕ ਦਾ ਲੇਖਕ ਹੈ :
ੳ) ਨੌਮ ਚੌਮਸਕੀ ਅ) ਮਿਸ਼ੇਲ ਫ਼ੂਕੋ
ੲ) ਸਾਸਿਊਰ ਸ) ਦੈਰੀਦਾ

21. ‘ਸਬਾਲਟਰਨ ਅਧਿਐਨ' ਸੰਬੰਧਿਤ ਹੈ :
ੳ) ਅਨੁਸੂਚਿਤ ਜਾਤੀਆਂ ਦੇ ਅਧਿਐਨ ਨਾਲ ਅ) ਪ੍ਰੋਲੋਧਾਰੀ ਵਰਗ ਦੇ ਅਧਿਐਨ ਨਾਲ
ੲ) ਹਾਸ਼ੀਆਗਤ ਦੇ ਅਧਿਐਨ ਨਾਲ ਸ) ਪੱਛੜੀਆਂ ਸ਼੍ਰੇਣੀਆਂ ਦੇ ਅਧਿਐਨ ਨਾਲ

22. ਅਰਸਤੂ ਦੇ ‘ਵਿਰੇਚਨ’ ਦਾ ਮੂਲ ਸ੍ਰੋਤ ਹੈ :
ੳ) ਰਾਜਨੀਤੀ ਅ) ਚਕਿਤਸਾ
ੲ) ਇਕਨੌਮਿਕਸ ਸ) ਕਾਵਿ-ਸ਼ਾਸਤਰ

23. ਡਾ. ਹਰਿਭਜਨ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਵਿਚ ਵਧੇਰੇ ਬਲ ਦਿੱਤਾ ਗਿਆ ਹੈ:
ੳ) ਪਾਠ-ਇਤਿਹਾਸਕਤਾ ਉਪਰਅ) ਪਾਠਕ-ਲੇਖਕ ਉਪਰ
ੲ) ਵਿਰੋਧ-ਵਿਕਾਸ ਉਪਰ ਸ) ਪਾਠ-ਪ੍ਰਬੰਧ ਉਪਰ

24. ਮਾਰਕਸਵਾਦੀ ਆਲੋਚਕਾਂ ਦਾ ਕਿਹੜਾ ਜੁੱਟ ਸਹੀ ਹੈ:
ੳ) ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ.ਆਰ. ਵਿਨੋਦ, ਡਾ. ਤਰਲੋਕ ਸਿੰਘ ਕੰਵਰ ਤੇ ਡਾ. ਰਵਿੰਦਰ ਰਵੀ
ਅ) ਡਾ. ਜੋਗਿੰਦਰ ਸਿੰਘ ਰਾਹੀ, ਡਾ. ਟੀ.ਆਰ. ਵਿਨੋਦ, ਡਾ. ਕੇਸਰ ਸਿੰਘ ਕੇਸਰ ਤੇ ਡਾ. ਸਤਿੰਦਰ ਸਿੰਘ
ੲ) ਡਾ. ਜੋਗਿੰਦਰ ਸਿੰਘ ਰਾਹੀ, ਡਾ. ਹਰਜੀਤ ਸਿੰਘ ਗਿੱਲ, ਕੇਸਰ ਸਿੰਘ ਕੇਸਰ ਤੇ ਡਾ. ਰਵਿੰਦਰ ਰਵੀ
ਸ) ਡਾ. ਟੀ.ਆਰ. ਵਿਨੋਦ, ਡਾ. ਕੇਸਰ ਸਿੰਘ ਕੇਸਰ, ਡਾ. ਰਵਿੰਦਰ ਰਵੀ ਤੇ ਸੁਰਜੀਤ ਸਿੰਘ ਭੱਟੀ

25. ‘ਮਾਰਫ਼ੋਲੋਜੀ ਆਫ਼ ਫੋਕਟੇਲ’ ਪੁਸਤਕ ਦਾ ਲੇਖਕ ਹੈ:
ੳ) ਐਲਨ ਡੰਡੀਜ਼ ਅ) ਲੈਵੀ ਸਤਰਾਸ
ੲ) ਵਲਾਦੀਮੀਰ ਪ੍ਰੋਪ ਸ) ਰਿਚਰਡ ਡਾਰਸਨ

26. ‘ਫੋਕਲੋਰ' ਸ਼ਬਦ ਦੀ ਵਰਤੋਂ ਪਹਿਲੀ ਵਾਰ ਕਦੋਂ ਅਤੇ ਕਿਸਨੇ ਕੀਤੀ :
ੳ) 1842-ਆਰ.ਸੀ. ਟੈਂਪਲ ਅ) 1846- ਆਰ.ਸੀ. ਟੈਂਪਲ
ੲ) 1842-ਵਿਲੀਅਮ ਜਾਨ ਥਾਮਸ ਸ) 1846-ਵਿਲੀਅਮ ਜਾਨ ਥਾਮਸ

27. ‘ਕਰੇਵਾ' ਪ੍ਰਥਾ ਸੰਬੰਧਿਤ ਹੈ:
ੳ) ਜਨਮ ਨਾਲ ਅ) ਵਿਆਹ ਨਾਲ
ੲ) ਮਰਨ ਨਾਲ ਸ) ਵਗ੍ਹੀਣੇ ਨਾਲ

28. ‘ਲੋਕ-ਕਾਵਿ ਦੀ ਸਿਰਜਣ ਪ੍ਰਕਿਰਿਆ’ ਪੁਸਤਕ ਦਾ ਲੇਖਕ ਕੌਣ ਹੈ:
ੳ) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅ) ਡਾ. ਜਸਵਿੰਦਰ ਸਿੰਘ
ੲ) ਡਾ. ਕਰਨੈਲ ਸਿੰਘ ਥਿੰਦ ਸ) ਡਾ. ਨਾਹਰ ਸਿੰਘ

29. ਫੋਕਲੋਰ ਲਈ 'ਲੋਕਵੇਦ' ਸ਼ਬਦ ਦੀ ਵਰਤੋਂ ਕਿਸ ਵਿਦਵਾਨ ਨੇ ਕੀਤੀ ਹੈ:
ੳ) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ    ਅ) ਡਾ. ਕਰਨੈਲ ਸਿੰਘ ਥਿੰਦ
ੲ) ਪ੍ਰਿੰ. ਤੇਜਾ ਸਿੰਘ    ਸ) ਡਾ. ਹਰਿਭਜਨ ਸਿੰਘ

30. ਨਸਲ-ਮੁੱਖਤਾ ਦੀ ਸਿਖਰ ਸਥਿਤੀ ਹੈ:
ੳ) ਸੰਪਰਦਾਇਕਤਾ    ਅ) ਸਭਿਆਚਾਰਕ ਸਾਪੇਖਤਾ
ੲ) ਫ਼ਾਸੀਵਾਦ    ਸ) ਰਾਸ਼ਟਰਵਾਦ

31. 'ਜਯੋਤਿਰੁਦਯ' ਨਾਵਲ ਦਾ ਪ੍ਰਕਾਸ਼ਨ ਸਾਲ ਹੈ :
ੳ) 1859 ਈ.    ਅ) 1882 ਈ.
ੲ) 1889 ਈ.    ਸ) 1888 ਈ.

32. ਪੰਜਾਬੀ ਆਂਚਲਿਕ ਨਾਵਲਾਂ ਦਾ ਮੁੱਖ ਲੱਛਣ ਹੈ:
ੳ) ਖਾਸ ਖਿੱਤੇ ਦੇ ਯਥਾਰਥ ਦਾ ਖਾਸ ਉਪਭਾਸ਼ਾ ਵਿਚ ਬਿਰਤਾਂਤ
ਅ) ਖਾਸ ਖਿੱਤੇ ਦੇ ਨਾਇਕ ਉੱਤੇ ਆਧਾਰਿਤ ਬਿਰਤਾਂਤ
ੲ) ਖਾਸ ਖਿੱਤੇ ਦੇ ਸਮਾਜਕ ਜੀਵਨ ਦਾ ਬਿਰਤਾਂਤ
ਸ) ਖਾਸ ਖਿੱਤੇ ਦਾ ਇਤਿਹਾਸਕ ਸੰਦਰਭਾਂ ਦਾ ਬਿਰਤਾਂਤ

33. 'ਦੁਆਦਸ਼ੀ' ਕਹਾਣੀ-ਸੰਗ੍ਰਹਿ ਦਾ ਸੰਪਾਦਕ ਹੈ :
ੳ) ਡਾ. ਹਰਿਭਜਨ ਸਿੰਘ    ਅ) ਡਾ. ਅਤਰ ਸਿੰਘ
ੲ) ਡਾ. ਜੋਗਿੰਦਰ ਸਿੰਘ ਰਾਹੀ    ਸ) ਡਾ. ਟੀ. ਆਰ. ਵਿਨੋਦ

34. ਪੰਜਾਬੀ ਨਾਵਲ ਬਾਰੇ ਕਿਹੜੀ ਪੁਸਤਕ ਸਭ ਤੋਂ ਪਹਿਲਾਂ ਪ੍ਰਕਾਸ਼ਿਤ ਹੋਈ :
ੳ) ਪੰਜਾਬੀ ਨਾਵਲ – ਜੋਗਿੰਦਰ ਸਿੰਘ ਰਾਹੀ
ਅ) ਪੰਜਾਬੀ ਇਤਿਹਾਸਕ ਨਾਵਲ – ਸੁਰਿੰਦਰ ਸਿੰਘ ਦੁਸਾਂਝ
ੲ) ਪੰਜਾਬੀ ਨਾਵਲ ਦਾ ਮੁਹਾਂਦਰਾ – ਨਰਿੰਜਨ ਤਸਨੀਮ
ਸ) ਪੰਜਾਬੀ ਨਾਵਲ ਦਾ ਇਤਿਹਾਸ – ਗੁਰਚਰਨ ਸਿੰਘ

35. ਨਾਨਕ ਸਿੰਘ ਦਾ ਪਹਿਲਾ ਨਾਵਲ ਸੀ :
ੳ) ਪਿਆਰ ਦੀ ਦੁਨੀਆ    ਅ) ਮਤਰੇਈ ਮਾਂ
ੲ) ਚਿੱਟਾ ਲਹੂ    ਸ) ਪਵਿੱਤਰ ਪਾਪੀ

36. 'ਪੁਰਾਤਨ ਜਨਮਸਾਖੀ' ਦਾ ਸੰਪਾਦਕ ਹੈ:
ੳ) ਬਾਵਾ ਬੁੱਧ ਸਿੰਘ    ਅ) ਪ੍ਰਿੰ. ਤੇਜਾ ਸਿੰਘ
ੲ) ਭਾਈ ਵੀਰ ਸਿੰਘ    ਸ) ਡਾ. ਮੋਹਨ ਸਿੰਘ ਦੀਵਾਨਾ

37. 'ਸੰਵਾਦ' ਕਿਸ ਸਾਹਿਤਕ ਵਿਧਾ ਦਾ ਬੁਨਿਆਦੀ ਲੱਛਣ ਹੈ:
ੳ) ਟੀਕਾ    ਅ) ਪਰਮਾਰਥ
ੲ) ਹੁਕਮਨਾਮਾ    ਸ) ਗੋਸ਼ਟਿ

38. ਜਾਤਕ ਕਥਾਵਾਂ ਸੰਬੰਧਿਤ ਹਨ :
ੳ) ਮਹਾਤਮਾ ਬੁੱਧ ਨਾਲ    ਅ) ਹਜ਼ਰਤ ਮੁਹੰਮਦ ਨਾਲ
ੲ) ਮਹਾਤਮਾ ਮਹਾਵੀਰ ਨਾਲ    ਸ) ਗੁਰੂ ਸਾਹਿਬਾਨ ਨਾਲ

39. 'ਨਿਰਭਉ ਨਿਰਵੈਰ' ਪੁਸਤਕ ਦੀ ਵਿਧਾ ਹੈ :
ੳ) ਸਵੈ-ਜੀਵਨੀ    ਅ) ਸਫ਼ਰਨਾਮਾ
ੲ) ਨਿਬੰਧ ਸੰਗ੍ਰਹਿ    ਸ) ਰੇਖਾ ਚਿੱਤਰ

40. 'ਜਨਮਸਾਖੀ ਮਿੱਥ ਵਿਗਿਆਨ' ਪੁਸਤਕ ਦਾ ਲੇਖਕ ਹੈ:
ੳ) ਡਾ. ਮਨਜੀਤ ਸਿੰਘ    ਅ) ਡਾ. ਕੁਲਵੰਤ ਸਿੰਘ
ੲ) ਡਾ. ਪਿਆਰ ਸਿੰਘ    ਸ) ਡਾ. ਤਰਲੋਕ ਸਿੰਘ ਕੰਵਰ

41. 'ਵਾਕੰਸ਼ ਉਸਾਰੀ ਨੇਮ' ਦਾ ਸਿਧਾਂਤ ਦਿੱਤਾ :
ੳ) ਨੌਮ ਚੌਮਸਕੀ    ਅ) ਲਿਓਨਾਰਡ ਬਲੂਮਫੀਲਡ
ੲ) ਫਰਦੀਨਾ-ਦ-ਸਾਸਿਊਰ    ਸ) ਹੈਲੀਡੇ

42. 'ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ' ਪੁਸਤਕ ਦਾ ਕਰਤਾ ਹੈ:
ੳ) ਡਾ. ਵੇਦ ਅਗਨੀਹੋਤਰੀ ਅ) ਡਾ. ਕਾਲਾ ਸਿੰਘ ਬੇਦੀ
ੲ) ਡਾ. ਹਰਕੀਰਤ ਸਿੰਘ ਸ) ਡਾ. ਪ੍ਰੇਮ ਪ੍ਰਕਾਸ਼ ਸਿੰਘ

43. ਵਿਆਕਰਣ ਇਕਾਈਆਂ ਦੀ ਗਿਣਤੀ ਹੈ:
ੳ) 10 ਅ) 05
ੲ) 03 ਸ) 07

44. ਸਿਨਕ੍ਰਾਨਿਕ ਹੈ:
ੳ) ਇਕਾਲਕੀ ਅ) ਬਹੁਕਾਲਕੀ
ੲ) ਲੜੀਦਾਰ ਸ) ਕੜੀਦਾਰ

45. ਜਾਨਵਰ ਤੋਂ ਜਨੌਰ ਹੈ:
ੳ) ਧੁਨੀ ਲੋਪ ਅ) ਧੁਨੀ ਆਗਮ
ੲ) ਧੁਨੀ ਵਿਪਰਜ ਸ) ਧੁਨੀ ਵਿਸ਼ਮੀਕਰਣ

46. ਲਘੂ ਸਵਰ ਨਹੀਂ ਹੈ:
ੳ) ਅ ਅ) ਇ
ੲ) ੳ ਸ) ਉ

47. 'ਕ' ਧੁਨੀ ਹੈ:
ੳ) ਅਲਪਪ੍ਰਾਣ ਅ) ਮਹਾਪ੍ਰਾਣ
ੲ) ਨਾਦੀ ਸ) ਸਘੋਸ਼

48. ਭਾਰੋਪੀ ਪਰਿਵਾਰ ਦੀ ਸ਼ਾਖਾ ਹੈ:
ੳ) ਦਰਾਵੜੀ ਭਾਸ਼ਾ ਪਰਿਵਾਰ ਅ) ਸਾਮੀ ਭਾਸ਼ਾ ਪਰਿਵਾਰ
ੲ) ਹਾਮੀ ਭਾਸ਼ਾ ਪਰਿਵਾਰ ਸ) ਭਾਰਤੀ-ਆਰਿਆਈ ਭਾਸ਼ਾ ਪਰਿਵਾਰ

49. ਸਾਲ 2018 ਦੀ ਸਾਹਿਤ ਅਕਾਦਮੀ ਇਨਾਮ ਜੇਤੂ ਪੁਸਤਕ ਹੈ:
ੳ) ਕੋਣੇ ਦਾ ਸੂਰਜ ਅ) ਸਲੋਅ ਡਾਊਨ
ੲ) ਮੱਸਿਆ ਦੀ ਰਾਤ ਸ) ਅਗਰਬੱਤੀ

50. ਖੋਜ-ਰਸਾਲਿਆਂ ਦਾ ਸਹੀ ਜੁੱਟ ਹੈ:
ੳ) ਹੁਣ, ਫ਼ਿਲਹਾਲ, ਸਮਦਰਸ਼ੀ ਤੇ ਸੰਵਾਦ
ਅ) ਸਮਕਾਲੀ ਸਾਹਿਤ, ਸਮਦਰਸ਼ੀ, ਫ਼ਿਲਹਾਲ ਤੇ ਖੋਜ-ਪੱਤ੍ਰਿਕਾ
ੲ) ਸਿਰਜਣਾ, ਖੋਜ-ਪੱਤ੍ਰਿਕਾ, ਖੋਜ-ਦਰਪਣ ਤੇ ਖੋਜ-ਪੱਤ੍ਰਿਕਾ
ਸ) ਸੰਵਾਦ, ਕਾਵਿ-ਸ਼ਾਸਤਰ, ਖੋਜ-ਪੱਤ੍ਰਿਕਾ ਤੇ ਖੋਜ-ਦਰਪਣ

51. ਕਿਹੜਾ ਵੱਕਾਰੀ ਇਨਾਮ ਸਿਰਫ਼ ਪੰਜਾਬੀ ਗਲਪ ਦੀਆਂ ਪੁਸਤਕਾਂ ਨੂੰ ਹੀ ਦਿੱਤਾ ਜਾਂਦਾ ਹੈ:
ੳ) ਸਾਹਿਤ ਅਕਾਦਮੀ ਇਨਾਮ ਅ) ਸਰਸਵਤੀ ਇਨਾਮ
ੲ) ਢਾਹਾਂ ਇਨਾਮ ਸ) ਗਿਆਨ ਪੀਠ

52. 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਦਾ ਸੰਪਾਦਕ ਹੈ:
ੳ) ਗੁਰਬਚਨ ਭੁੱਲਰ ਅ) ਵਰਿੰਦਰ ਵਾਲੀਆ
ੲ) ਬਰਜਿੰਦਰ ਹਮਦਰਦ ਸ) ਸਵਰਾਜਬੀਰ

53. ਪੰਜਾਬੀ ਨਾਟਕ ਦਾ ਮੁੱਖ ਸ੍ਰੋਤ ਹੈ:
ੳ) ਯੂਨਾਨੀ ਨਾਟਕ ਅ) ਅੰਗਰੇਜ਼ੀ ਤੇ ਅਨੁਵਾਦਿਤ ਨਾਟਕ
ੲ) ਹਿੰਦੀ ਤੇ ਸੰਸਕ੍ਰਿਤ ਨਾਟਕ ਸ) ਲੋਕ-ਨਾਟਕ ਤੇ ਪਾਰਸੀ ਨਾਟਕ

54. 'ਪੰਜਾਬੀ ਨਾਟਕ : ਸਰੂਪ ਸਿਧਾਂਤ ਤੇ ਵਿਕਾਸ' ਪੁਸਤਕ ਦਾ ਲੇਖਕ ਹੈ:
ੳ) ਸਤੀਸ਼ ਕੁਮਾਰ ਵਰਮਾ ਅ) ਨਵਨਿੰਦਰਾ ਬਹਿਲ
ੲ) ਗੁਰਦਿਆਲ ਸਿੰਘ ਫੁੱਲ ਸ) ਸੁਰਜੀਤ ਸਿੰਘ ਸੇਠੀ

55. ਕਿਹੜੇ ਪਰਵਾਸੀ ਸਾਹਿਤਕਾਰ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ ਹੈ:
ੳ) ਅਮਰਜੀਤ ਚੰਦਨ ਅ) ਦੇਵ
ੲ) ਅਵਤਾਰ ਜੰਡਿਆਲਵੀ ਸ) ਨਵਤੇਜ ਭਾਰਤੀ

56. ਪਾਕਿਸਤਾਨੀ ਨਾਟਕ 'ਬੁੱਲ੍ਹਾ' ਦਾ ਲੇਖਕ ਹੈ:
ੳ) ਸ਼ਾਹਿਦ ਨਦੀਮ    ਅ) ਇਸਹਾਕ ਮੁਹੰਮਦ
ੲ) ਮਦੀਹਾ ਗੌਹਰ    ਸ) ਅਫ਼ਜ਼ਲ ਅਹਿਸਨ ਰੰਧਾਵਾ

57. ਪ੍ਰਯੋਗਵਾਦੀ ਧਾਰਾ ਦੇ ਕਵੀਆਂ ਦਾ ਜੁੱਟ ਹੈ:
ੳ) ਜਸਬੀਰ ਸਿੰਘ ਆਹਲੂਵਾਲੀਆ-ਸਤੀ ਕੁਮਾਰ-ਦੇਵ
ਅ) ਸਤੀ ਕੁਮਾਰ-ਅਜਾਇਬ ਕਮਲ-ਰਵਿੰਦਰ ਰਵੀ
ੲ) ਜਸਬੀਰ ਸਿੰਘ ਆਹਲੂਵਾਲੀਆ-ਰਵਿੰਦਰ ਰਵੀ-ਸ਼ਿਵ ਕੁਮਾਰ
ਸ) ਦੇਵ- ਸਤੀ ਕੁਮਾਰ-ਅਜਾਇਬ ਕਮਲ

58. "ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ, ਹੁਣ ਸ਼ਿਵ ਕੁਮਾਰ ਦੀ ਵਾਰੀ ਹੈ" ਕਾਵਿ-ਸਤਰਾਂ ਦਾ ਕਵੀ ਹੈ:
ੳ) ਸ਼ਿਵ ਕੁਮਾਰ ਬਟਾਲਵੀ    ਅ) ਅੰਮ੍ਰਿਤਾ ਪ੍ਰੀਤਮ
ੲ) ਹਰਿਭਜਨ ਸਿੰਘ    ਸ) ਸੁਰਜੀਤ ਪਾਤਰ

59. 'ਉੱਡਦੇ ਬਾਜ਼ਾਂ ਮਗਰ' ਕਾਵਿ-ਪੁਸਤਕ ਦਾ ਸ਼ਾਇਰ ਹੈ:
ੳ) ਜਗਤਾਰ    ਅ) ਸ. ਸ. ਮੀਸ਼ਾ
ੲ) ਪਾਸ਼    ਸ) ਦਰਸ਼ਨ ਖਟਕੜ

60. 'ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ' ਪੁਸਤਕ ਦਾ ਲੇਖਕ ਹੈ:
ੳ) ਡਾ. ਕਰਮਜੀਤ ਸਿੰਘ    ਅ) ਡਾ. ਸਤਿੰਦਰ ਸਿੰਘ
ੲ) ਡਾ. ਸੁਤਿੰਦਰ ਸਿੰਘ ਨੂਰ    ਸ) ਡਾ. ਸੁਖਦੇਵ ਸਿੰਘ ਸਿਰਸਾ

## ਭਾਗ 'ਅ'

**ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਘੱਟੋ-ਘੱਟ 250 ਸ਼ਬਦਾਂ ਵਿਚ ਦਿਓ। ਹਰ ਪ੍ਰਸ਼ਨ ਦੇ ਪੰਜ ਅੰਕ ਹਨ।**

1. ਆਧੁਨਿਕ ਪੰਜਾਬੀ ਕਵਿਤਾ ਦਾ ਮੱਧਕਾਲੀ ਕਵਿਤਾ ਨਾਲੋਂ ਵਿਸ਼ੇ ਤੇ ਰੂਪ ਪੱਖੋਂ ਨਿਖੇੜਾ ਕਰੋ।
2. ਕਹਾਣੀ ਅਤੇ ਨਾਵਲ ਵਿਚਲਾ ਅੰਤਰ ਸਪੱਸ਼ਟ ਕਰੋ।
3. 'ਨਾਵਲ ਦੀ ਵਿਧਾ 'ਵਿਡੰਬਨਾ' ਦੀ ਵਿਧਾ ਹੈ', ਇਸ ਨੂੰ ਪੰਜਾਬੀ ਨਾਵਲ ਵਿਚੋਂ ਕੋਈ ਉਦਾਹਰਨ ਲੈ ਕੇ ਸਮਝਾਉ।
4. ਜਪੁਜੀ ਸਾਹਿਬ ਵਿਚ ਕਿੰਨੇ ਖੰਡਾਂ ਦਾ ਜ਼ਿਕਰ ਹੈ? ਉਨ੍ਹਾਂ ਦੀ ਤਰਤੀਬਵਾਰ ਵਿਆਖਿਆ ਕਰੋ।
5. ਸੂਫ਼ੀਆਂ ਦੇ ਸਾਧਨਾ-ਮਾਰਗਾਂ ਬਾਰੇ ਵਿਸਥਾਰਪੂਰਵਕ ਚਰਚਾ ਕਰੋ।
6. ਪੰਜਾਬੀ ਦਾ ਸਭ ਤੋਂ ਮਕਬੂਲ 'ਸਦਾਚਾਰਕ ਕਿੱਸਾ' ਕਿਹੜਾ ਹੈ? ਉਸ ਦੀਆਂ ਵਿਸ਼ੇਸ਼ਤਾਵਾਂ ਬਿਆਨ ਕਰੋ।
7. ਉਤਰ-ਸੰਰਚਨਾਵਾਦੀ ਆਲੋਚਨਾ ਬਾਰੇ ਨੋਟ ਲਿਖੋ।
8. ਚੌਮਸਕੀ ਦੇ ਸੰਕਲਪ 'ਯੋਗਤਾ ਤੇ ਨਿਭਾਉ' ਨੂੰ ਸਪੱਸ਼ਟ ਕਰੋ।